Vol 1, Issue 2, July-Sep 2025
ISSN: 3107-7579

International Journal of Advanced Research in Humanities and Social Sciences
An International open-access peer-reviewed Quarterly journal
journal homepage: www.ijarhss.in

# ਸਵਰਨ ਚੰਦਨ ਦੇ ਨਾਵਲ: ਉਜਾੜਾ ਦਾ ਕਲਾਤਮਿਕ ਅਧਿਐਨ

**ਅਰਚਨਾ ਰਾਣੀ**
**ਰੀਸਰਚ ਸਕਾਲਰ**
**ਕੁਰਸ਼ੇਤਰ ਯੂਨੀਵਰਸਿਟੀ ਕੁਰੂਸ਼ੇਤਰ**

**Keywords**

ਤ੍ਰਾਸਦੀ, ਭਿਆਨਕ, ਖਾਮੋਸ਼ੀ, ਵੰਡ, ਸਾਂਝ

**ABSTRACT**

ਪਰਵਾਸੀ ਨਾਵਲਕਾਰ ਸਵਰਨ ਚੰਦਨ ਦਾ ਨਾਵਲ ਉਜਾੜਾ 1947 ਦੀ ਭਾਰਤ ਪਾਕਿਸਤਾਨ ਵੰਡ ਨਾਲ ਜੁੜੇ ਇਤਿਹਾਸਿਕ, ਸਮਾਜਿਕ ਅਤੇ ਮਨੁੱਖੀ ਤ੍ਰਾਸਦਿਕ ਅਨੁਭਵ ਨੂੰ ਕਲਾਤਮਕ ਰੂਪ ਵਿੱਚ ਪ੍ਰਸਤੁਤ ਕਰਦਾ ਹੈ। ਇਹ ਨਾਵਲ ਵੰਡ ਤੇ ਪਹਿਲਾਂ ਦੇ ਸਾਂਝੇ ਜੀਵਨ, ਸੱਭਿਆਚਾਰਕ ਸਾਂਝ ਅਤੇ ਮਨੁੱਖੀ ਸੰਬੰਧਾ ਦੀ ਗਹਿਰੀ ਤਸਵੀਰ ਪੇਸ਼ ਕਰਦਾ ਹੋਇਆ, ਵੰਡ ਦੌਰਾਨ ਹੋਈ ਹਿੰਸਾ, ਕਤਲੇਆਮ ,ਡਰ, ਅਸੁਰੱਖਿਆ ਅਤੇ ਬੇਘਰਪਣ ਦੀ ਭਿਆਨਕ ਸੱਚਾਈ ਨੂੰ ਰੂਪਾਤਮਕ ਢੰਗ ਨਾਲ ਉਭਾਰਦਾ ਹੈ। ਨਾਵਲ ਵਿੱਚ' 'ਉਜਾੜਾ 'ਸਿਰਫ ਧਰਤੀ ਜਾਂ ਘਰਾਂ ਦੇ ਨਸ਼ਟ ਹੋਣ ਦਾ ਸੰਕੇਤ ਨਹੀਂ, ਸਗੋਂ ਇਹ ਮਨੁੱਖੀ ਮਨ, ਸਮਾਜਿਕ ਤਾਣੇ ਬਾਣੇ ਅਤੇ ਸਾਂਝੀ ਸੱਭਿਆਚਾਰਕ ਚੇਤਨਾ ਦੇ ਵਿਖੰਡਨ ਦਾ ਸ਼ਕਤੀਸ਼ਾਲੀ ਰੂਪਕ ਹੈ। ਕਤਲ, ਅੱਗ, ਲਹੂ, ਖਾਮੋਸ਼ੀ, ਵਿਛੋੜਾ ਅਤੇ ਡਰ ਵਰਗੇ ਤੱਤ ਕਲਾਤਮਕ ਰੂਪਾਂ ਰਾਹੀਂ ਵੰਡ ਦੀ ਤ੍ਰਾਸਦੀ ਨੂੰ ਗਹਿਰਾਈ ਨਾਲ ਪ੍ਰਗਟ ਕਰਦੇ ਹਨ। ਇਹ ਸ਼ੋਧ ਪੱਤਰ ਨਾਵਲ ਉਜਾੜਾ ਦੇ ਰੂਪਕ ਪੱਖ ਦੀ ਆਲੋਚਨਾ ਕਰਦੀਆਂ ਇਹ ਸਪਸ਼ਟ ਕਰਦਾ ਹੈ ਕਿ ਸਵਰਨ ਚੰਦਨ ਨੇ ਇਤਿਹਾਸਿਕ ਘਟਨਾਵਾਂ ਨੂੰ ਸਿਰਫ ਦਸਤਾਵੇਜੀ ਨਹੀਂ , ਸਗੋਂ ਕਲਾਤਮਕ ਸੰਵੇਦਨਾ ਅਤੇ ਪ੍ਰਤੀਕਾਤਮਕ ਅਭਿਵਕਤੀ ਰਾਹੀਂ ਜੀਵਨਤ ਬਣਾਇਆ ਹੈ ।ਇਸ ਤਰ੍ਹਾਂ ਉਜਾੜਾ ਵੰਡ ਸਬੰਧੀ ਪੰਜਾਬੀ ਨਾਵਲ ਪਰੰਪਰਾ ਵਿੱਚ ਇੱਕ ਮਹੱਤਵਪੂਰਨ ਕਲਾਤਮਕ ਅਤੇ ਰੂਪਾਤਮਕ ਨਾਵਲ ਵਜੋਂ ਸਥਾਪਿਤ ਹੁੰਦਾ ਹੈ।

**Article History**
**Received Date:** 10 October 2025; **Revised:** 17 October, 2025; **Accepted Date:** 20 October 2025; **Published Date:** 30 October 2025

ਸਵਰਨ ਚੰਦਨ ਦੇ ਨਾਵਲ ਉਜਾੜਾ ਦਾ ਇਸ ਸੋਧ ਪੱਤਰ ਵਿੱਚ ਰੂਪ ਵਿਧਾਨ ਦੀਆਂ ਜੁਗਤਾਂ ਦਾ ਅਧਿਅਨ ਕਰਦੇ ਹੋਏ ਉਹਨਾਂ ਕਲਾਤਮਕ ਜੁਗਤਾਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਨਾਂ ਦੇ ਸਹਾਰੇ ਨਾਵਲਕਾਰ ਆਪਣਿਆਂ ਅਨੁਭਵ, ਭਾਵ ਵਿਚਾਰਾਂ ਨੂੰ ਇਕ ਨਾਵਲ ਰੂਪ ਵਿੱਚ ਉਚਾਰਨ ਲਈ ਵਰਤਦਾ ਹੈ। ਨਾਵਲ ਦੇ ਰੂਪਕ ਪੱਖ ਵਿੱਚ ਵਿਸ਼ੇ ਦਾ ਸਮੁੱਚਾ ਨਿਭਾਅ, ਗੋਂਦ ਜਾਂ ਕਥਾਨਕ ਵਿਸ਼ਾ, ਪਾਤਰ ਉਸਾਰੀ, ਵਾਰਤਾਲਾਪ, ਬੋਲੀ (ਸ਼ਬਦਾਵਲੀ), ਵਾਤਾਵਰਨ, ਪ੍ਰਤੀਕ, ਬਿੰਬ ਆਦੀ ਤੱਤਾਂ ਦੇ ਆਧਾਰ ਤੇ ਹੀ ਪਰਖਿਆ ਜਾਂਦਾ ਹੈ। ਨਾਵਲਕਾਰ ਆਪਣੇ ਨਾਵਲ 'ਉਜਾੜਾ' ਵਿਚ ਆਪਣੀ ਯੋਗਤਾ ਅਨੁਸਾਰ 1947 ਦੀ ਵੰਡ ਦੀ ਸਮੱਸਿਆ ਨੂੰ ਪੇਸ਼ ਕਰਦਾ ਹੈ। ਨਾਵਲਕਾਰ ਘਟਨਾਵਾਂ ਨੂੰ ਜਿਸ ਤਰ੍ਹਾਂ ਦੇਖਦਾ, ਸੋਚਦਾ, ਉਸੇ ਤਰ੍ਹਾਂ ਹੀ ਨਾਵਲ ਵਿੱਚ ਪੇਸ਼ ਨਹੀਂ ਕਰਦਾ ਸਗੋਂ ਕਥਾਨਕ ਰਾਹੀਂ ਘਟਨਾਵਾਂ ਦੀ ਜੜਤ ਬੁਣਤ ਕਰਕੇ, ਵਿਸ਼ੇਸ਼ ਤਰਤੀਬ ਵਿੱਚ ਪੇਸ਼ ਕਰਦਾ ਹੈ। ਉਜਾੜਾ ਨਾਵਲ ਵਿੱਚ ਕਲਾ ਕਥਾਨਕ ਲਈ ਵਿਉਤਮਈ ਘਟਨਾ, ਮੌਲਿਕਤਾ, ਸੁਭਾਵਿਕਤਾ, ਨੂੰ ਯਥਾਰਥ ਰੂਪ ਵਿੱਚ ਪੇਸ਼ ਕੀਤਾ ਹੈ। ਉਸਨੇ ਕਥਾਨਕ ਪੇਂਡੂ ਤੇ ਸ਼ਹਿਰੀ ਜੀਵਨ ਵਿੱਚੋਂ ਲਿਆ। ਪੇਂਡੂ ਤੇ ਸ਼ਹਿਰੀ ਜੀਵਨ ਦਾ ਨਿਕਟ ਅਨੁਭਵ ਹੋਣ ਕਾਰਨ ਆਪਣੀ ਲਿਖਤ ਵਿੱਚ ਸਾਧਾਰਨ ਜੀਵਨ ਨੂੰ ਵਧੇਰੇ ਕਾਰਗਰ ਢੰਗ ਨਾਲ ਪੇਸ਼ ਕੀਤਾ ਹੈ। ਉਸ ਦੀ ਰਚਨਾ ਵਿੱਚ ਲੀ ਹਰ ਘਟਨਾ, ਪਾਤਰ, ਸਥਿਤੀ, ਵਾਸਤਵਿਕ ਜ਼ਿੰਦਗੀ ਦੇ ਵਧੇਰੇ ਨੇੜੇ ਹੈ । ਨਾਵਲਕਾਰ ਨਾਵਲ ਵਿੱਚ ਦੇਸ਼ ਵੰਡ ਅਤੇ ਉਸ ਕਾਰਨ ਪੈਦਾ ਹੋਈਆਂ ਤਰਾਸਦਿਕ ਘਟਨਾਵਾਂ ਦੀ ਪੇਸ਼ਕਾਰੀ ਕਰਨ ਵੱਲ ਰੁਚਿਤ ਹੁੰਦਾ ਹੈ ਜਦੋਂ ਅਸੀਂ ਨਾਵਲ ਉਜਾੜਾ ਨੂੰ ਕਲਾਤਮਕ ਸੰਗਠਨ ਦੇ ਪੱਖੋਂ ਵੇਖਦੇ ਹਾਂ ਤਾਂ ਨਾਵਲ ਦੇ 67 ਕਾਂਡ ਹਨ । ਇਹ 320 ਪੰਨਿਆਂ ਵਿੱਚ ਫੈਲਿਆ ਹੋਇਆ ਹੈ। ਨਾਵਲ ਵਿੱਚ ਚੰਦਨ ਦੇ ਰਾਹੀਂ ਜਿਨਾਂ ਜੁਗਤਾਂ ਦੀ ਪੇਸ਼ਕਾਰੀ ਕੀਤੀ ਹੈ, ਉਹਨਾਂ ਵਿੱਚ ਕਥਾਨਕ ਦੇ ਪੱਖ ਤੋਂ ਇਹ ਨਾਵਲ ਦੇਸ਼ ਵੰਡ ਦੇ ਆਰ ਪਾਰ ਫੈਲੇ ਜੀਵਨ ਵਿੱਚ ਬਾਲਕ ਚੇਤੂ ਦੇ ਜੀਵਨ ਦੀ ਕਥਾ ਹੈ। ਚੇਤੂ ਦੇ ਜੀਵਨ ਦੀ ਇਹ ਕਥਾ ਦੇਸ਼ ਵੰਡ ਦੇ

ਸਮੇਂ ਦੇ ਆਰ ਪਾਰ ਫੈਲ ਫੈਲੀ ਉਸ ਧੁੰਦੂਕਾਰੇ ਦੇ ਨਕਸ਼ ਤਲਾਸ਼ਣ ਦੀ ਕੋਸ਼ਿਸ਼ ਕਰਦੀ ਹੈ, ਜਿਸ ਦੇ ਚਲਦਿਆਂ ਮਨ ਮਾਨਸ ਨੇ ਹਿੰਸਾ ਅਤੇ ਦਹਿਸ਼ਤ ਨੂੰ ਪਲਾਂ ਵਿੱਚ ਹੀ ਆਪਣਾ ਲਿਆ ਸੀ। ਚੇਤੂ ਦੀ ਜੀਵਨ ਕਥਾ ਇਸ ਨਾਵਲ ਦਾ ਉਦੇਸ਼ ਵੀ ਹੈ ਅਤੇ ਸੰਕਟ ਸਮੇਂ ਦੇ ਆਰ ਪਾਰ ਵਿਆਪਤ ਜ਼ਿੰਦਗੀ ਦੀ ਪੇਸ਼ਕਾਰੀ ਦਾ ਮਾਧਿਅਮ ਵੀ। ਚੇਤੂ ਦੇ ਰਾਹੀਂ ਇਹ ਨਾਵਲ ਦੇਸ਼ ਵੰਡ ਦੌਰਾਨ ਜੀਵਨ ਵਿੱਚ ਵਾਪਰੇ ਅੰਤਾਂ ਦੇ ਦੁੱਖ ਅਤੇ ਅੰਤਾਂ ਦੀ ਦਹਿਸ਼ਤ ਵਾਲੇ ਲੰਮਿਆਂ ਨੂੰ ਜਿਉਂਦਾ ਕਰਨ ਦੀ ਕੋਸ਼ਿਸ਼ ਹਿੱਤ ਕਾਰਜਸ਼ੀਲ ਹੁੰਦੀ ਹੈ। ਨਾਵਲ ਵਿਅਕਤੀ ਵਿਸ਼ੇਸ਼ ਚੇਤੂ ਦੀ ਬਾਤ ਪਾਉਣ ਦੀ, ਦੇਸ਼ ਵੰਡ ਦੇ ਸਮਿਆਂ ਨੂੰ ਪੇਸ਼ ਕਰਦੀ ਹਿੰਸਾ, ਮੁਹੱਬਤ, ਫਿਰਕਾ ਪ੍ਰਸਤੀ ਵਰਗੇ ਸਦੀਵੀ ਸਰਬ ਕਾਲੀ ਸਰੋਕਾਰਾਂ ਨਾਲ ਨਾਤਾ ਜੋੜ ਲੈਂਦੀ ਹੈ।

ਨਾਵਲ ਵਿੱਚ ਦੋ ਭਰਾਵਾਂ ਅਤੇ ਉਨਾਂ ਦੀਆਂ ਘਰ ਵਾਲੀਆਂ ਦਾ ਆਪਸੀ ਨਾਤਾ ਵੰਡ ਦੀ ਘਟਨਾ ਨਾਲ ਸੰਕੇਤਕ ਨਾਤਾ ਰੱਖਦਾ ਹੈ ਇਸ ਦਾ ਪ੍ਰਗਟਾਅ ਬੁੱਧ ਸਿੰਘ ਦੀ ਘਰਵਾਲੀ ਤੇਜੋ ਦੇ ਹਵਾਲੇ ਨਾਲ ਹੁੰਦਾ ਹੈ। ਨਾਵਲਕਾਰ ਇੱਕ ਔਰਤ ਦੀ ਹਿੰਸਾ ਨਾਲ ਇਸ ਤਰ੍ਹਾਂ ਦੀ ਸਥਿਤੀ ਨੂੰ ਚਿਤਰਦਾ ਹੋਇਆ ਉਸ ਵੇਲੇ ਦੀ ਸਮਾਜਿਕ ਬਣਤਰ ਵਿੱਚ ਹਿੰਸਾ ਦੀ ਭਵਿੱਖੀ ਕੇਂਦਰੀਅਤਾ ਵਾਲੀ ਇਸ਼ਾਰਾ ਕਰਦਾ ਹੈ। ਆਪਣੀ ਘਰਵਾਲੀ ਦੀ ਕੁੱਟ ਕਾਰਨ ਅਤੇ ਔਲਾਦ ਪੱਖੋਂ ਆਪਣੀ ਥੁੜ ਕਾਰਨ ਛੋਟਾ ਭਰਾ ਭਾਨ ਸਿੰਘ ਅੰਤਾਂ ਦਾ ਦੁਖੀ ਰਹਿੰਦਾ ਹੈ। ਇਸੇ ਪ੍ਰਸੰਗ ਵਿੱਚ ਨਾਵਲਕਾਰ ਦੁੱਖ ਦੀ ਇੱਕ ਹੋਰ ਤੰਦ ਵੱਲ ਇਸ਼ਾਰਾ ਕਰਦਾ ਹੈ। ਚੇਤੂ ਦੇ ਜੀਵਨ ਗਾਥਾ ਦੇਸ਼ ਵੰਡ ਦੇ ਹਵਾਲੇ ਨਾਲ ਇੱਕ ਹੋਰ ਮਹੱਤਵਪੂਰਨ ਦ੍ਰਿਸ਼ਟੀ ਇਹ ਪ੍ਰਦਾਨ ਕਰਦੀ ਹੈ ਕਿ ਸੰਕਟ ਸਮਾਂ ਕਿੰਨਾ ਵੀ ਵਿਕਰਾਲ ਕਿਉਂ ਨਾ ਹੋਵੇ, ਜੀਵਨ ਦੀ ਜਿਉਣ ਜੋਗੀ ਤੰਦ ਦਾ ਕਦੇ ਵੀ ਪੂਰੀ ਤਰ੍ਹਾਂ ਵਿਨਾਸ਼ ਨਹੀਂ ਹੁੰਦਾ ਹੈ।

ਕਥਾਨਕ ਜਿੱਥੇ ਘਟਨਾਵਾਂ ਨੂੰ ਸੂਤਰਬੱਧ ਕਰਕੇ ਸੰਗਠਿਤ ਰੂਪ ਵਿੱਚ ਪੇਸ਼ ਕਰਦਾ ਹੈ ਉੱਥੇ ਪਾਤਰ ਚਿਤਰਣ ਇਹਨਾਂ ਘਟਨਾਵਾਂ ਨੂੰ ਕਲਾਤਮਕ ਬਿੰਬ ਵਿੱਚ ਪੇਸ਼ ਕਰਦਾ ਹੈ। ਨਾਵਲ ਦੇ ਪਾਤਰ ਨਾਵਲ ਦੇ ਮੂਲ ਪੱਖ ਦੇ ਮਹੱਤਵਪੂਰਨ ਪਹਿਲੂ ਹਨ:

"ਪਾਤਰ ਕੌਣ ਹਨ, ਕਿਹੋ ਜਿਹੇ ਹਨ, ਇਹਨਾਂ ਦਾ ਨਾਂ, ਸ਼ਕਲ, ਪਹਿਰਾਵਾ, ਬੋਲ -ਚਾਲ, ਸੁਭਾਵ ਕੀ ਹੈ, ਆਦੀ ਗੱਲਾਂ ਤਾਂ ਉੱਤਰ ਦੇਣਾ ਹੀ ਪਾਤਰ ਉਸਾਰੀ ਹ "3

ਚੰਦਨ ਦੇ ਪਾਤਰ ਨਿਤ ਦੀਆਂ ਸਮੱਸਿਆਵਾਂ ਨਾਲ ਛੁਝਦੇ, ਪ੍ਰਤੀਕੂਲ ਹਾਲਾਤਾਂ ਨਾਲ ਸੰਘਰਸ਼ ਕਰਦੇ, ਲੋੜਾਂ ਥੋੜਾਂ ਦੇ ਤਿੜਕੇ ਰਿਸ਼ਤਿਆਂ ਵਿੱਚ ਵਿਚਰਦੇ ਤਣਾਓ ਹੰਡਾਉਂਦੇ ਹਨ। ਚੰਦਨ ਪਾਤਰਾਂ ਦੀ ਉਸਾਰੀ ਮਨੋਵਿਗਿਆਨਿਕ ਛੋਹਾਂ ਨਾਲ ਕਰਦਾ ਹੈ। ਉਸ ਦੇ ਪਾਤਰ ਬੀਤ ਚੁੱਕਿਆ ਘਟਨਾਵਾਂ ਦੇ ਪਛਤਾਵਾ ਕਰਦੇ ਹਨ ਜਿਵੇਂ:-ਸੰਤੀ ਦੇ ਮਨ ਵਿੱਚ ਇਹ ਮਲਾਲ ਸੀ ਕਿ ਉਹ ਸ਼ਾਇਦ ਆਪਣੇ ਪਤੀ ਨੂੰ ਜੇ ਕੋਸ਼ਿਸ਼ ਕਰਦੀ ਤਾਂ ਬਚਾ ਸਕਦੀ ਸੀ। ਉਹ ਆਪ ਹੀ ਸੋਚਦੀ ਰਹਿੰਦੀ, ਜੋ ਕਿਸਮਤ ਵਿੱਚ ਹੁੰਦਾ ਤਾਂ ਉਸਨੇ ਆਪ ਹੀ ਬਚ ਜਾਣਾ ਸੀ।"ਨੀ -ਕਰਮਾ " ਸੜਕ ਤੇ ਹੀ ਪਿਆ ਰਹਿੰਦਾ ਤਾਂ ਸ਼ਾਇਦ ਬਚ ਜਾਂਦਾ ਵੱਡਾ ਭਰਾ ਵੀ ਤਾਂ ਬਚ ਗਿਆ ਸੀ, ਚੰਦਰੇ ਨੂੰ ਹੁਣ ਹੀ ਲੈ ਗਈ ਵਾਪਸ ਉਸੇ ਘਰ ਉਸੇ ਗਲੀ ਵਿੱਚ "4

ਚੰਦਨ ਪਾਤਰਾਂ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ, ਜਿਵੇਂ ਉਹ ਯਥਾਰਥ ਦੇ ਬਹੁਤ ਨੇੜੇ ਵਿਚਰਦੇ ਹੋਣ। ਵਾਰਤਾਲਾਪ ਪਾਤਰਾਂ ਦੀ ਅੰਤਰਮੁਖੀ ਅਤੇ ਬਾਹਰਮੁਖੀ ਪਛਾਣ ਕਰਾਉਂਦੇ ਹਨ। ਨਾਵਲ ਵਿੱਚ ਚੰਦਨ ਨੇ ਮਾਝੀ ਉਪਭਾਸ਼ਾ ਰਾਹੀਂ ਵਾਰਤਾਲਾਪ ਕਰਵਾਇਆ ਹੈ। ਵਾਰਤਾਲਾਪ ਸਰਲ ਸਧਾਰਨ ਅਤੇ ਪਾਤਰਾਂ ਦੀ ਸਥਿਤੀ ਮੁਤਾਬਕ ਹਨ। ਵਾਰਤਾਲਾਪ ਇਲਾਕੇ ਦੀ ਬੋਲੀ ਨਾਲ ਸੰਬੰਧਿਤ ਹਨ:

"ਪੈਲੀ ' ਚ ਕੋਈ ਉਬੜ ਬੰਦਾ ਆਹ ਵੜੇ ਤਾਂ ਤੁਸੀਂ ਉਹਨੂੰ ਜਰ ਨਹੀਂ ਸਕਦੇ, ਤੇ ਇੱਥੇ ਪੂਰੇ ਦੇਸ਼ ' ਤੇ ਉਬੜ ਕਬਜ਼ਾ ਕਰੀ ਬੈਠਾ ਨੇ। ਛੋਟੀਆਂ ਛੋਟੀਆਂ ਗੱਲਾਂ 'ਤੇ ਵੱਡਾ ਵਡੀਰਾ ਕਰੀ ਜਾਣ ਡਏ ਹੋਏ ਜੇ"5 ਇਸ ਤਰ੍ਹਾਂ ਵਾਰਤਾਲਾਪ ਦੀ ਚਰਚਾ ਨੂੰ ਸਮੇਟਦਿਆਂ ਹੋਇਆ ਕਿਹਾ ਜਾ ਸਕਦਾ ਹੈ ਕਿ ਇਸ ਨਾਵਲ ਵਿੱਚ ਵਾਰਤਾਲਾਪ ਦਾ ਅੰਸ਼ ਜ਼ਿਆਦਾ ਹੈ ਵਾਰਤਾਲਾਪ ਜੁਗਤ ਤੇ ਨਾਟਕੀ ਹੋਣ ਅਨੁਸਾਰ ਪਾਤਰ ਚਿਤਰਨ ਤੇ ਬਿਰਤਾਂਤ ਨੂੰ ਅੱਗੇ ਤੋਰਨ ਦੇ ਪ੍ਰਭਾਵ ਨੂੰ ਤਿੱਖਾ ਕਰਨ ਵਿੱਚ ਸਹਾਈ ਹੋਏ ਹਨ।

ਰੂਪ ਦੇ ਪੱਖ ਤੋਂ ਸਵਰਨ ਚੰਦਨ ਨੇ ਨਾਵਲ 'ਉਜਾੜਾ ' ਵਿੱਚ ਉਚਿਤ ਵਾਤਾਵਰਣ ਸਿਰਜਿਆ ਮਿਲਦਾ ਹੈ। ਨਾਵਲਕਾਰ ਦੇਸ਼ ਵੰਡ ਹੋਣ ਦੇ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਅਤੇ ਇਸ ਦੌਰਾਨ ਹੋਇਆ ਕਤਲੇਆਮ ਅਤੇ ਹਿੰਸਾ ਦੇ ਵਾਤਾਵਰਨ ਨੂੰ ਬਹੁਤ ਵਧੀਆ ਢੰਗ ਨਾਲ ਸਿਰਜਦਾ ਹੈ। ਇਸ ਤੋਂ ਇਲਾਵਾ ਕਿਸੇ ਕਿਸੇ ਥਾਂ ਤੇ ਗਮੀ ਅਤੇ ਖੁਸ਼ੀ ਵਾਲੇ ਵਾਤਾਵਰਨ ਨੂੰ ਵੀ ਚੰਦਨ ਨੇ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਨਾਵਲਕਾਰ ਨੇ ਵਾਤਾਵਰਨ ਸਿਰਜਨ ਦੇ ਨਾਲ ਨਾਲ ਦ੍ਰਿਸ਼ ਚਿਤਰਨ ਨੂੰ ਵੀ ਬਖੂਬੀ ਬਿਆਨ ਕੀਤਾ ਹੈ।"ਤਿੰਨ ਤਿੰਨ ਫੁੱਟ ਉੱਚੀਆਂ ਝਾੜੀਆਂ ਦੇ ਲਾਗਿਓ ਬੇਟਾ ਉਹ ਗੰਦਾ ਨਾਲਾ ਪਾਰ ਕਰ ਗਿਆ। ਅੱਗੇ ਕੱਚਾ ਰਾਹ ਭੱਜ ਕੇ ਪਾਰ ਕੀਤਾ ਤੇ ਫਿਰ ਨਾਲ ਹੀ ਭੱਜ ਕੇ ਵੱਡੀਆਂ ਝਾੜੀਆਂ 'ਚ ਵੜ ਗਿਆ। ਨੰਗੇ ਪੈਰੀ। ਤੇੜ ਕੱਛ। ਕੁੱਤੇ ਝੱਗਾ ਸਿਰ ਤੇ ਰੱਸੇ ਵਰਗੀ ਪੱਗ ਉਸ ਤੋਂ ਅੱਗੇ ਰੁੱਖ ਸਨ, ਤੇ ਝਾੜੀਆਂ ਉਹ ਖਲੋ ਗਿਆ। ਪਿੱਛੇ ਮੁੜ ਕੇ ਵੇਖਿਆ ਉਦਮ ਜਾ ਚੁੱਕਾ ਸੀ। ਉਹ ਹੋਰ ਅੱਗੇ ਵਧਿਆ। ਅੱਗੇ ਹੱਡੀਆਂ ਸਨ, ਚਾਰੇ ਪਾਸੇ ਖਿੰਡੀਆਂ ਹੋਈਆ। ਖੋਪੜੀਆਂ, ਬਾਹਵਾਂ, ਲੱਤਾਂ, ਪੈਰ, ਗੋਡੇ, ਗਿੱਟੇ, ਅਰਕਾਂ ਤੇ ਕਈ ਥਾਈ ਪੂਰੇ ਦੇ ਪੂਰੇ ਪਿੰਜਰ, ਕਈ ਥਾਈ ਵੱਡੇ ਹੋਏ ਮਾਸ ਦੀਆਂ ਪਰਤਾਂ ਵੀ ਸਨ। ਅੱਗੇ ਕੁੱਤਿਆਂ ਦਾ ਹਜੂਮ ਹੱਡੀਆਂ ਨਾਲ ਘੁੱਲ ਰਿਹਾ। ਉੱਤੇ ਗਿਰਛਾਂ ਚੇਤੂ ਦਹਿਲ ਗਿਆ"6ਨਾਵਲਕਾਰ ਨੇ ਆਪਣੇ ਨਾਵਲ ਵਿੱਚ ਅਜਿਹਾ ਵਾਤਾਵਰਨ ਪੇਸ਼ ਕੀਤਾ ਹੈ ਕਿ ਉਸ ਸਮੇਂ ਦੀਆਂ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਹਾਲਾਤਾਂ ਦਾ ਸਹਿਜ ਹੀ ਅਨੁਭਵ ਕੀਤਾ ਜਾ ਸਕਦਾ ਹੈ।

ਨਾਵਲਕਾਰ ਨੇ ਆਪਣੀ ਰਚਨਾ ਨੂੰ ਯਥਾਰਥਕ ਤੇ ਕਲਾਤਮਕ ਬਣਾਉਣ ਲਈ ਆਪਣੇ ਨਾਵਲ ਵਿੱਚ ਠੇਠ ਪੰਜਾਬੀ ਤੇ ਮਾਝੀ ਉਪਭਾਸ਼ਾ ਦੀ ਵਰਤੋਂ ਕੀਤੀ ਹੈ। ਨਾਵਲ ਵਿੱਚ ਪਾਤਰ ਆਪਣੇ ਕੀਤੇ ਅਤੇ ਸੁਭਾਓ ਅਨੁਸਾਰ ਭਾਸ਼ਾ ਬੋਲਦੇ ਹਨ। ਨਾਵਲ ਗਾਰ ਨੇ ਆਪਣੇ ਪਾਤਰਾਂ ਦੇ ਮੂੰਹੋਂ ਉਰਦੂ, ਫਾਰਸੀ ਤੇ ਹਿੰਦੀ ਸ਼ਬਦਾਂ ਦੀ ਵੀ ਵਰਤੋਂ ਕਰਵਾਈ ਹੈ। ਨਾਵਲ ਵਿੱਚ ਜਿੱਥੇ ਕਿਤੇ ਤਲਕ ਸੁਭਾਅ ਵਿੱਚ ਵਾਰਤਾਲਾਪ ਹੋ ਰਿਹਾ ਹੁੰਦਾ ਹੈ, ਉਸ ਵਿੱਚ ਤਾਇਆ, ਮਹੀਣੀਆਂ, ਗਾਲਾਂ ਦੀ

ਵੀ ਭਰਮਾਰ ਹੈ। ਚੰਦਨ ਨੇ ਨਾਵਲ ਵਿੱਚ ਬਿਆਨਾ ਸ਼ੈਲੀ ਦੀ ਵਰਤੋਂ ਕੀਤੀ ਹੈ। ਪਰ ਪਾਤਰ, ਘਟਨਾਵਾਂ, ਦ੍ਰਿਸ਼ਾਂ ਦਾ ਵਰਣਨ ਕਰਨ ਵੱਲ ਉਹ ਜਿਆਦਾ ਰੁਚਿਤ ਹੈ ਉਸ ਦੇ ਨਾਵਲ ਦੀ ਭਾਸ਼ਾ ਅਤੇ ਸ਼ੈਲੀ ਦਾ ਢੰਗ ਵਿਲੱਖਣ ਕਿਸਮ ਦਾ ਹੈ। ਉਹ ਬੌਧਿਕ ਭਾਸ਼ਾ ਦੇ ਨਾਲ ਨਾਲ ਲੰਮੇ ਲੰਮੇ ਵਾਕਾਂ ਦੀ ਵਰਤੋਂ ਕਰਦਾ ਹੋਇਆ, ਪਾਠਕਾਂ ਦੀ ਕਈ ਵਾਰ ਅੱਗਿਓਂ ਸੋਚ ਦੀ ਕੜੀ ਨੂੰ ਵਿੱਚ ਵੀ ਰੱਖਦਾ ਹੈ। ਸ਼ੈਲੀ ਵਿੱਚ ਉਸ ਨੇ ਸਪਸ਼ਟ ਚੋਣ, ਵਾਕ ਬਣਤਰ, ਮੁਹਾਵਰੇ, ਅਖਾਣਾ ਦੀ ਠੀਕ ਵਰਤੋਂ, ਚੁਸਤ ਵਾਰਤਾਲਾਪ ਆਦਿ ਨੂੰ ਬੜੀ ਸੂਚੱਜਤਾ ਨਾਲ ਉਭਾਰਿਆ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਸਵਰਨ ਚੰਦਨ ਦਾ ਨਾਵਲ ਉਜਾੜਾ 1947 ਦੀ ਵੰਡ ਦੀ ਤ੍ਰਾਸਦੀ ਨੂੰ ਸਿਰਫ ਇਤਿਹਾਸਿਕ ਘਟਨਾ ਵੱਜੋਂ ਨਹੀਂ, ਸਗੋਂ ਗਹਿਰੀ ਕਲਾਤਮਕ ਅਤੇ ਰੂਪਾਤਮਕ ਅਭੀ ਵਿਅਕਤੀ ਰਾਹੀਂ ਪ੍ਰਸਤੁਤ ਕਰਦਾ ਹੈ ਇਸ ਤਰ੍ਹਾਂ ਇਹ ਨਾਵਲ ਪੰਜਾਬੀ ਵੰਡ ਸਾਹਿਤ ਵਿੱਚ ਕਲਾ ਪੱਖ ਦੀ ਦ੍ਰਿਸ਼ਟੀ ਤੋਂ ਇੱਕ ਮਹੱਤਵਪੂਰਨ ਰਚਨਾ ਹੋ ਨਿਬੜਦਾ ਹੈ।

**ਹਵਾਲੇ ਤੇ ਟਿੱਪਣੀਆਂ**

1 ਸੁਖਪਾਲ ਸਿੰਘ ਥਿੰਦ, ਪੰਜਾਬੀ ਗਾਇਕ ਦੇ ਆਰ ਪਾਰ, ਪੰਨਾ- 127

2 ਸੁਖਵਿੰਦਰ ਸਿੰਘ, ਪੰਜਾਬੀ ਨਾਵਲ: ਰਿਸ਼ਤਿਆਂ ਦੀ ਪਰਿਭਾਸ਼ਾ, ਪੰਨਾ-91

3 ਗੁਰਚਰਨ ਸਿੰਘ, ਪੰਜਾਬੀ ਗਲਪਕਾਰ, ਪੰਨਾ 32.

4 ਸਵਰਨ ਚੰਦਨ, ਉਜਾੜਾ, ਪੰਨਾ-202.

5 ਉਹੀ, ਪੰਨਾ-235.

6 ਉਹੀ, ਪੰਨਾ-206.